FINDING Your Way®
ਆਓ ਆਪਣਾ ਰਾਹ ਲਭੀਏ

*ਹਰ ਕਦਮ ਕੀਮਤੀ ਹੈ,*
*ਡਿਮੇਨਸ਼ੀਆ ਵਾਲ਼ੇ ਲੋਕਾਂ ਲਈ।*

# ਪਤਾ ਲਗਾਉਣ ਵਾਲੇ ਉਪਕਰਨ

ਡਿਮੇਨਸ਼ੀਆ (dementia) ਵਾਲੇ ਦੱਸ ਲੋਕਾਂ ਵਿੱਚੋਂ ਛੇ ਕਦੇ ਨਾ ਕਦੇ ਗੁੰਮ ਹੋ ਜਾਂਦੇ ਹਨ, ਅਕਸਰ ਬਿਨਾਂ ਚੇਤਾਵਨੀ ਦੇ। ਆਤਮਨਿਰਭਰਤਾ ਅਤੇ ਸੁਰੱਖਿਆ ਦੇ ਵਿਚਲਾ ਸੰਤੁਲਨ ਨਾਜ਼ੁਕ ਹੈ। ਭਾਵੇਂ ਗੁੰਮ ਜਾਣਾ ਕਸ਼ਟਦਾਇਕ ਹੈ ਅਤੇ ਇਸਦੀ ਖਤਰਨਾਕ ਹੋਣ ਦੀ ਸੰਭਾਵਨਾ ਹੈ, ਸੁਰੱਖਿਆ ਯੋਜਨਾ ਦਾ ਹੋਣਾ ਡਿਮੇਨਸ਼ੀਆ ਵਾਲੇ ਗੁੰਮੇ ਹੋਏ ਵਿਅਕਤੀ ਦੀ ਤਲਾਸ਼ ਵਿੱਚ ਬਿਤਾਏ ਗਏ ਸਮੇਂ ਦੀ ਮਿਆਦ ਨੂੰ ਘਟ ਕਰਕੇ ਨੁਕਸਾਨ ਨੂੰ ਘਟਾ ਸਕਦਾ ਹੈ।

ਇਸ ਸੁਰੱਖਿਆ ਯੋਜਨਾ ਵਿੱਚ ਪਤਾ ਲਗਾਉਣ ਵਾਲੇ ਉਪਕਰਨਾਂ ਦੀ ਵਰਤੋਂ ਅਤੇ ਮੈਡਿਕ ਅਲਰਟ ਸੇਫਲੀ ਹੋਮ (MedicAlert® SafelyHome®) ਵਰਗੀ ਰਜਿਸਟਰੀ ਦੇ ਜਾਂ ਤੁਹਾਡੀਆਂ ਸਥਾਨਕ ਪੁਲਿਸ ਸੇਵਾਵਾਂ ਜਾਂ ਓ ਪੀ ਪੀ ਦੁਆਰਾ ਹਿਮਾਇਤ ਕੀਤੀ ਜਾਣ ਵਾਲੀ ਕਮਜ਼ੋਰ ਲੋਕਾਂ ਲਈ ਰਜਿਸਟਰੀ ਦੇ ਨਾਲ ਦਰਜ ਹੋਣਾ ਸ਼ਾਮਲ ਹੋ ਸਕਦਾ ਹੈ।

ਪਤਾ ਲਗਾਉਣ ਵਾਲੇ ਉਪਕਰਨਾਂ ਦੇ ਲਾਭ ਅਤੇ ਕਮੀਆਂ ਹਨ। ਕੁਝ ਲੋਕਾਂ ਦਾ ਇਹ ਵਿਚਾਰ ਹੋ ਸਕਦਾ ਹੈ ਕਿ ਉਪਕਰਨਾਂ ਦੀ ਵਰਤੋਂ ਦੇਖਭਾਲ ਕਰਨ ਵਾਲਿਆਂ ਨੂੰ ਮਨ ਦੀ ਸ਼ਾਂਤੀ ਦਿੰਦੇ ਹੋਏ ਨਿਜੀ ਆਜ਼ਾਦੀ ਅਤੇ ਸੁਰੱਖਿਆ ਨੂੰ ਸੁਧਾਰਦੀਆਂ ਹਨ। ਦੂਸਰੇ ਲੋਕ ਇਹ ਮਹਿਸੂਸ ਕਰ ਸਕਦੇ ਹਨ ਕਿ ਇਹ ਇਕਾਂਤ ਵਿੱਚ ਦਖਲ ਹੈ।

ਪਤਾ ਲਗਾਉਣ ਵਾਲੇ ਉਪਕਰਨ ਦੀ ਵਰਤੋਂ ਡਿਮੇਨਸ਼ੀਆ (dementia) ਵਾਲੇ ਵਿਅਕਤੀ ਦੇ ਨਾਲ ਅਕਸਰ ਚੈੱਕ ਇੰਨ ਕਰਨ ਦੀ ਲੋੜ ਨੂੰ ਘਟਾਉਂਦੀ ਨਹੀਂ ਹੈ।

ਇਹ ਮਹੱਤਵਪੂਰਨ ਹੈ ਕਿ ਹਾਲ ਵਿੱਚ ਹੀ ਡਿਮੇਨਸ਼ੀਆ (dementia) ਨਾਲ ਪੀੜਤ ਹੋਣ ਦਾ ਪਤਾ ਲੱਗਣ ਵਾਲੇ ਲੋਕ ਜਿੰਨੀ ਜਲਦੀ ਹੋ ਸਕੇ ਉਨ੍ਹਾਂ ਦੇ ਜੀਵਨ ਵਿੱਚ ਅਹਿਮ ਲੋਕਾਂ ਦੇ ਨਾਲ ਚਰਚਾ ਕਰਨ। ਸਾਰੇ ਸੰਬੰਧਤ ਲੋਕਾਂ ਦੇ ਨਾਲ ਖੁੱਲੀ ਚਰਚਾ ਫੈਸਲੇ ਲੈਣ ਵਿੱਚ ਸਹਾਈ ਹੋਵੇਗੀ। ਤੁਹਾਡੀ ਸਥਾਨਕ ਅਲਜ਼ਾਈਮਰ ਸੁਸਾਇਟੀ ਕੋਲੋਂ ਸਹਾਇਤਾ ਉਪਲਬਧ ਹੈ।

**ਪਤਾ ਲਗਾਉਣ ਵਾਲੇ ਉਪਕਰਨ ਆਮਤੌਰ ਤੇ ਇਹ ਦੋ ਲੋੜਾਂ ਪੂਰੀਆਂ ਕਰਦੇ ਹਨ :**

1. ਗੁੰਮੇ ਹੋਏ ਵਿਅਕਤੀ ਦਾ ਪਤਾ ਲਗਾਉਣਾ
2. ਅਜਹਿ ਵਿਅਕਤੀ ਵਾਸਤੇ ਵਧੇਰੀ ਆਤਮਨਰਿਭਰਤਾ ਦਾ ਪ੍ਰਬੰਧ ਕਰਨਾ ਜੋ ਕਿ ਇਕੱਲੇ ਬਾਹਰ ਜਾਣ ਦੀ ਇੱਛਾ ਰੱਖਦਾ ਹੈ ਪਰ ਗੁੰਮ ਹੋ ਸਕਦਾ ਹੈ।

## ਉਪਕਰਨਾਂ ਦੀਆਂ ਕਿਸਮਾਂ

ਮਾਰਕਿਟ ਵਿੱਚ ਹਰ ਰੋਜ਼ ਨਵੀਂ ਟੈਕਨਾਲੋਜੀ ਦਿਖਾਈ ਦਿੰਦੀ ਹੈ।

ਉਪਕਰਨਾਂ ਦੇ ਨਾਲ ਪਤਾ ਲਗਾਉਣ ਦੇ ਢੰਗ ਭਿੰਨ ਭਿੰਨ ਹੁੰਦੇ ਹਨ:

- ਕੁਝ ਦੇਖਭਾਲ ਕਰਨ ਵਾਲਿਆਂ ਦੇ ਕਾਲ ਜਾਂ ਅਲਰਟ ਪ੍ਰਾਪਤ ਕਰਨ ਤੇ ਨਿਰਭਰ ਕਰਦੇ ਹਨ, ਉਸ ਤੋਂ ਬਾਦ ਤਲਾਸ਼ ਜਾਰੀ ਕਰਦੇ ਹਨ
- ਕੁਝ ਕੰਮਪਿਊਟਰ,ਟੇਲੀਫੋਨ,ਸੈਲ ਫੋਨ,ਕਾਲ ਸੈਂਟਰ ਆਪਰੇਟਰ ਦੀ ਵਰਤੋਂ ਕਰਦੇ ਹਨ ਜਾਂ ਸਿੱਧੇ ਹੀ ਪੁਲਿਸ ਨੂੰ ਸੰਪਰਕ ਕਰਦੇ ਹਨ
- ਕੁਝ ਸੀਮਾ ਪਾਰ ਕੀਤੇ ਜਾਣ ਤੇ ਅਲਰਟ ਭੇਜਦੇ ਹਨ (ਇੱਕ ਪੂਰਵ ਨਿਰਧਾਰਿਤ, ਫੇਰ ਬਦਲ ਕੀਤੇ ਜਾ ਸਕਣ ਵਾਲੀ “ਜੀਓ ਫੈਂਸ)

| ਉਪਕਰਨ ਦੀ ਕਿਸਮ | ਜਨਰਲ ਫੀਚਰ | ਬੰਦਸ਼ਾਂ | ਇਸਤੇਮਾਲ |
|---|---|---|---|
| **ਗਲੋਬਲ ਪੋਜ਼ੀਸ਼ਨਿੰਗ ਸਿਸਟਮ (ਜੀ ਪੀ ਐਸ)** | • ਸੈਟੇਲਾਇਟਾਂ ਦੁਆਰਾ ਇਲੈਕਟ੍ਰੌਨਿਕ ਰਸੀਵਰਾਂ ਤੱਕ ਪ੍ਰਸਾਰਤ ਕੀਤੇ ਗਏ ਸਿਗਨਲਾਂ ਦੀ ਵਰਤੋਂ ਟਰਾਂਸਮੀਟਰ ਪਾਏ ਹੋਏ ਵਿਅਕਤੀ ਦੇ ਕੁਝ ਹੀ ਮੀਟਰਾਂ ਦੇ ਅੰਦਰ ਉਸ ਦੇ ਸਥਾਨ ਦੀ ਪਛਾਣ ਕਰਨ ਲਈ ਕਰਦਾ ਹੈ।<br>• ਬੈਟਰੀ ਦੀ ਸ਼ਕਤੀ ਉੱਤੇ ਨਿਰਭਰ ਕਰਦਾ ਹੈ ਪਰ ਏ ਸੀ ਪਾਵਰ, ਕੰਮਪਿਊਟਰ, ਇੰਟਰਨੈੱਟ ਦੇ ਕਨੇਕਸ਼ਨਾਂ,ਮਿਆਰੀ ਟੇਲੀਫੋਨ ਸੇਵਾ, ਸੈਲੂਲਰ ਫੋਨ ਸੇਵਾ ਅਤੇ ਕਾਲ ਸੈਂਟਰ ਆਪਰੇਟਰਾਂ ਦੀ ਵਰਤੋਂ ਕਰ ਸਕਦਾ ਹੈ। | • ਘਰ ਦੇ ਬਾਹਰ ਵਰਤੇ ਜਾਣ ਲਈ ਇੱਛਤ ਹੈ।<br>• ਨਿਸ਼ਚਿਤ ਸਥਾਨ ਦਸ ਸਕਣ ਦੇ ਕਾਬਲ ਨਹੀਂ ਹੈ।<br>• ਪੁਲਾਂ ਦੇ ਥੱਲੇ, ਇਮਾਰਤਾਂ ਦੇ ਅੰਦਰ, ਜਮੀਨ ਦੇ ਥੱਲੇ ਜਾਂ ਪਾਣੀ ਦੇ ਅੰਦਰ ਕੰਮ ਨਹੀਂ ਕਰੇਗਾ।<br>• ਸੈਟੇਲਾਇਟ ਸਿਗਨਲਾਂ ਵਿੱਚ ਇਲੈਕਟ੍ਰੀਕਲ ਦਖਲ,ਘਣੀਆਂ ਝਾੜੀਆਂ, ਜਾਂ ਉੱਚੀਆਂ ਇਮਾਰਤਾਂ ਕਰਕੇ ਅਸਾਨੀ ਨਾਲ ਖਲਲ ਪੈ ਸਕਦਾ ਹੈ। | • ਕਾਰਾਂ ਦੀਆਂ ਕੁਝ ਕਿਸਮਾਂ ਦੇ ਅੰਦਰ ਲੱਗਾ ਹੁੰਦਾ ਹੈ।<br>• ਕੁਝ ਟਰੈਕਿੰਗ ਵਾਸਤੇ ਇੰਟਰਨੈੱਟ ਨਕਸ਼ਿਆਂ ਦਾ ਇਸਤੇਮਾਲ ਕਰਦੇ ਹਨ।<br>• ਕੁਝ ਵਰਤਣ ਵਾਲਿਆਂ ਦੁਆਰਾ ਨਿਸ਼ਚਤ ਸੀਮਾਵਾਂ ਦੀ ਇਜਾਜ਼ਤ ਦਿੰਦੇ ਹਨ।<br>• ਏ - ਜੀ ਪੀ ਐਸ (ਅਸਿਸਟਿਡ ਜੀ ਪੀ ਐਸ) ਲੱਭਣ ਵਾਲੇ ਸਮੇਂ ਨੂੰ ਘਟਾਉਣ ਲਈ ਇੱਕ ਅਸਿਸਟੈਂਸ ਸਰਵਰ (ਸੈਲੂਲਰ ਸਿਗਨਲ ਟਾਵਰ) ਦੀ ਵਰਤੋਂ ਕਰਦਾ ਹੈ। |

| ਉਪਕਰਨ ਦੀ ਕਿਸਮ | ਜਨਰਲ ਫੀਚਰ | ਬੰਦਸ਼ਾਂ | ਇਸਤੇਮਾਲ |
|---|---|---|---|
| **ਰੇਡੀਓ ਫਰੀਕਿਯੁਏਨਸੀ (ਆਰ ਐਫ, ਫਰੀਕਿਯੁਏਨਸੀ ਮੌਡਿਯੁਲੇਸ਼ਨ ਜਾਂ ਹੋਮਿੰਗ ਡਿਵਾਇਸ)** | • ਵਿਅਕਤੀ ਦੇ ਨਿਸ਼ਚਿਤ ਸਥਾਨ ਦਾ ਨਿਰਧਾਰਨ ਕਰਨ ਵਾਸਤੇ ਰੇਡੀਓ ਸਿਗਨਲਾਂ ਦਾ ਪ੍ਰਸਾਰਨ ਕਰਦੀ ਹੈ<br>• ਬੈਟਰੀ ਦੀ ਸ਼ਕਤੀ ਤੇ ਨਿਰਭਰ ਕਰਦੀ ਹੈ ਜੋ 45 ਦਿਨਾਂ ਤੱਕ ਚਲਦੀ ਰਹਿੰਦੀ ਹੈ<br>• ਪ੍ਰਸਾਰਨ ਕਰਨ ਵਾਲੇ ਨਿਸ਼ਚਿਤ ਸਥਾਨ ਦਾ ਪਤਾ ਲਗਾਉਣ ਲਈ ਕਈ ਸਾਰੇ ਰਸੀਵਰਾਂ ਦੀ ਵਰਤੋਂ ਕੀਤੀ ਜਾਂਦੀ ਹੈ<br>• ਦਰਖ਼ਤਾਂ ਵਾਲੇ ਖੇਤਰਾਂ ਵਿੱਚ, ਇਮਾਰਤਾਂ ਦੇ ਅੰਦਰ ਕੰਮ ਕਰਦੀ ਹੈ<br>• ਜਿਵੇਂ ਰਸੀਵਰ ਟਰਾਂਸਮੀਟਰਾਂ ਦੇ ਨੇੜੇ ਪਹੁੰਚਦੇ ਹਨ ਸਿਗਨਲਾਂ ਜਿਆਦਾ ਤਾਕਤਵਰ ਹੋ ਜਾਂਦੇ ਹਨ<br>• ਉਪਕਰਨ ਲਈ ਮੁਕੱਰਰ ਕੀਤਾ ਗਿਆ ਸਿਗਨਲ ਇੱਕ ਅਨੋਖੀ ਰੇਡੀਓ ਫਰੀਕਿਯੁਏਨਸੀ ਹੈ ਜੋ ਉਸ ਟਰਾਂਸਮੀਟਰ ਲਈ ਖਾਸ ਹੈ (ਜਿਵੇਂ ਕਿ ਉਸ ਉਪਕਰਨ ਨੂੰ ਪਾਉਣ ਵਾਲਾ) | • ਰੇਂਜ 5 ਕਿਲੋਮੀਟਰ ਨਾਲੋਂ ਘੱਟ ਤੱਕ ਸੀਮਤ ਹੋ ਸਕਦੀ ਹੈ | • ਪ੍ਰੋਜੈਕਟ ਲਾਇਫਸੇਵਰ (Project Lifesaver®) ਓ ਪੀ ਪੀ ਅਤੇ ਕਈ ਖੇਤਰੀ ਪੁਲਿਸ ਸੇਵਾਵਾਂ ਦੁਆਰਾ ਹਿਮਾਇਤ ਪ੍ਰਾਪਤ ਪ੍ਰੋਗਰਾਮ ਹੈ<br>• ਗੁੰਮ ਹੋ ਜਾਣ ਦੀ ਸੰਭਾਵਨਾ ਵਾਲੇ ਵਿਅਕਤੀ ਦੁਆਰਾ ਪਾਏ ਜਾਣ ਵਾਲਾ ਰਿਸਟਬੈਂਡ |

| ਉਪਕਰਨ ਦੀ ਕਿਸਮ | ਜਨਰਲ ਫੀਚਰ | ਬੰਦਸ਼ਾਂ | ਇਸਤੇਮਾਲ |
|---|---|---|---|
| **ਸੈਲ ਫੋਨ** | • ਵਰਤਣ ਵਾਲੇ ਪਤਾ ਲਗਾਉਣ ਵਾਲੇ ਸਿਸਟਮ ਨੂੰ 911 ਡਾਇਲ ਕਰਕੇ ਚਾਲੂ ਕਰ ਸਕਦੇ ਹਨ।<br>• ਸੈਲ ਫੋਨ ਦੁਤਰਫ਼ਾ (ਟੂ- ਵੇ) ਸੰਚਾਰ ਕਰਨ ਦਿੰਦਾ ਹੈ। | • ਵਿਅਕਤੀ ਦੇ ਸੈਲ ਫੋਨ ਨਾਲ ਲੈਕੇ ਚੱਲਣ ਤੇ ਅਤੇ ਉਸ ਦੇ ਇਸ ਨੂੰ ਕਦੋਂ /ਕਿਵੇਂ ਵਰਤਣਾ ਹੈ ਜਾਣਨ ਤੇ ਨਿਰਭਰ ਕਰਦਾ ਹੈ<br>• ਸੈਲੂਲਰ ਸਿਗਨਲ ਉਪਲਬਧ ਹੋਣ ਉੱਤੇ ਨਿਰਭਰ ਕਰਦਾ ਹੈ<br>• ਕੇਵਲ ਸੈਲ ਫੋਨਾਂ ਦੇ ਨਵੇਂ ਮਾਡਲਾਂ ਵਿੱਚ ਹੀ ਉਪਲਬਧ ਹੈ | • ਆਈ ਪੈਡਾਂ,ਆਈ ਫੋਨਾਂ,ਸਮਾਰਟ ਫੋਨਾਂ ਵਰਗੀਆਂ ਨਵੀਆਂ ਟੈਕਨਾਲੋਜੀਆਂ |

## ਉਪਕਰਨ ਬਾਰੇ ਫੈਸਲਾ ਕਰਨਾ

**ਇਹ ਫੈਸਲਾ ਕਰਨ ਤੋਂ ਪਹਿਲਾਂ ਕਿ ਕਿਸ ਕਿਸਮ ਦਾ ਉਪਕਰਨ ਤੁਹਾਡੀਆਂ ਲੋੜਾਂ ਨੂੰ ਸਭ ਤੋਂ ਜਿਆਦਾ ਚੰਗੀ ਤਰ੍ਹਾਂ ਪੂਰਾ ਕਰੇਗਾ ਹੇਠਾਂ ਦਿੱਤੀਆਂ ਚੀਜ਼ਾਂ ਬਾਰੇ ਸੋਚੋ:**

ਇਸ ਉਪਕਰਨ ਦੀ ਕਿਥੇ ਵਰਤੇ ਜਾਣ ਦੀ ਸੰਭਾਵਨਾ ਹੈ?

- ☐ ਤੁਹਾਡੇ ਘਰ ਵਿੱਚ
- ☐ ਦੇਖਭਾਲ ਕਰਨ ਵਾਲੀ ਫਸਿਲਿਟੀ ਵਿੱਚ
- ☐ ਅੰਦਰ
- ☐ ਬਾਹਰ
- ☐ ਕਈ ਸਾਰੀਆਂ ਥਾਵਾਂ ਉੱਤੇ

ਤਲਾਸ਼ ਕਿਥੇ ਕੀਤੇ ਜਾਣ ਦੀ ਸੰਭਾਵਨਾ ਹੈ?

- ☐ ਕਿਸੇ ਇਮਾਰਤ ਦੇ ਅੰਦਰ
- ☐ ਬਾਹਰ
- ☐ ਸ਼ਹਿਰੀ ਇਲਾਕੇ ਵਿੱਚ
- ☐ ਦਿਹਾਤੀ ਇਲਾਕੇ ਵਿੱਚ
- ☐ ਦਰਖ਼ਤਾਂ ਨਾਲ ਭਰੀ ਹੋਈ ਜਗ੍ਹਾ
- ☐ ਖੁੱਲੀ ਜਗ੍ਹਾ
- ☐ ਪਾਣੀ ਦੇ ਨੇੜੇ

ਇੰਨਾਂ ਥਾਵਾਂ ਵਾਸਤੇ ਕਿਹੜੇ ਉਪਕਰਨ ਸਭ ਤੋਂ ਉਚਿਤ ਹਨ?

ਇਹ ਉਪਕਰਨ ਹਿਲਣ ਡੁਲਣ ਦੀ ਕਿੰਨੀ ਆਜ਼ਾਦੀ ਦੀ ਇਜਾਜ਼ਤ ਦੇਵੇਗਾ?

ਲੋੜ ਪੈਣ ਤੇ,ਕੀ ਡਿਮੇਨਸ਼ੀਆ ਵਾਲਾ ਵਿਅਕਤੀ ਇਸ ਉਪਕਰਨ ਨੂੰ ਵਰਤ ਸਕੇਗਾ?

ਕੌਣ ਨਿਗਰਾਨੀ ਕਰੇਗਾ ਜਾਂ ਪਤਾ ਲਗਾਏਗਾ?

- ☐ ਪਰਵਾਰ
- ☐ ਦੇਖਭਾਲ ਕਰਨ ਵਾਲਾ/ਲੀ
- ☐ ਬਾਹਰਲੀ ਏਜੰਸੀ/ਸੰਸਥਾ

## ਧਿਆਨ ਦੇਣ ਵਾਲੀਆਂ ਖਾਸ ਚੀਜ਼ਾਂ

**ਵਿਅਕਤੀ ਜਿਸ ਦੀ ਗੁੰਮ ਹੋ ਜਾਣ ਦੀ ਸੰਭਾਵਨਾ ਹੈ:**

- ☐ ਕੀ ਇਸ ਉਪਕਰਨ ਨੂੰ ਡਿਮੇਨਸ਼ੀਆ ਵਾਲੇ ਵਿਅਕਤੀ ਦੇ ਨਾਲ ਜੋੜੇ ਜਾਣ ਜਾਂ ਉਸ ਦੁਆਰਾ ਚੁੱਕੇ ਜਾਣ ਦੀ ਲੋੜ ਹੈ?
- ☐ ਕੀ ਵਿਅਕਤੀ ਇਸ ਟੈਕਨਾਲੋਜੀ ਨੂੰ ਪਾਉਣਾ ਸਹਿ ਸਕੇਗਾ?
- ☐ ਕੀ ਇਸ ਨਾਲ ਫਰਕ ਪੈਂਦਾ ਹੈ ਕਿ ਟੈਕਨਾਲੋਜੀ ਕਿਹੋ ਜਿਹੀ ਲਗਦੀ ਹੈ ? ਮਿਸਾਲ ਦੇ ਤੌਰ ਉੱਤੇ ਸਾਇਜ਼, ਭਾਰ, ਸਰੂਪ?
- ☐ ਕੀ ਇੱਕ "ਹੈਲਪ/ਕਾਲ" ਬਟਨ ਉਪਯੋਗੀ ਹੋਏਗਾ?
- ☐ ਕੀ ਵਿਅਕਤੀ ਨੂੰ ਉਸ ਥਾਂ ਦੀ ਪਛਾਣ ਕਰਨ ਦੀ ਲੋੜ ਹੈ ਜਿਥੇ ਉਹ ਹੈ?

**ਦੇਖਭਾਲ ਕਰਨ ਵਾਲੇ (ਵਾਲਿਆਂ) ਲਈ :**

- ☐ ਵਿਅਕਤੀ ਦਾ ਪਤਾ ਲਗਾਉਣ/ਉਸ ਨੂੰ ਟਰੈਕ ਕਰਨ ਦੀ ਲੋੜ ਕਿਸ ਨੂੰ ਹੈ? ਮਿਸਾਲ ਦੇ ਤੌਰ ਤੇ ਦੇਖਭਾਲ ਕਰਨ ਵਾਲਾ,ਏਜੰਸੀ, ਕਾਲ ਸੈਂਟਰ,ਪੁਲਿਸ?
- ☐ ਕੀ ਗੁੰਮ ਹੋਏ ਵਿਅਕਤੀ ਦੇ ਨਾਲ ਦੁਤਰਫ਼ਾ (ਟੂ- ਵੇ) ਸੰਚਾਰ ਦੀ ਲੋੜ ਹੈ?
- ☐ ਇਸ ਉਪਕਰਨ ਦੀ ਦੇਖਭਾਲ ਕਰਨਾ ਕਿੰਨਾ ਅਸਾਨ ਹੈ? ਮਿਸਾਲ ਦੇ ਤੌਰ ਉੱਤੇ ਸਾਫ ਕਰਨਾ, ਬੈਟਰੀ ਨੂੰ ਚਾਰਜ ਕਰਨਾ?

- ☐ ਕੀ ਇਸ ਉਪਕਰਨ ਦੀ ਵਰਤੋਂ ਕਰਨ ਵਾਸਤੇ ਖਾਸ ਹੁਨਰਾਂ/ ਗਿਆਨ/ਟਰੇਨਿੰਗ ਦੀ ਲੋੜ ਹੈ?
- ☐ ਕੀ ਦੇਖਭਾਲ ਕਰਨ ਵਾਲੇ ਨੂੰ ਖੇਤਰ ਦੀ ਜਾਣਕਾਰੀ ਹੋਣ ਦੀ ਲੋੜ ਹੈ? ਕੀ ਇੱਕ ਨਕਸ਼ੇ ਦੀ ਲੋੜ ਹੈ?
- ☐ ਕੀ ਇਹ ਸਿਸਟਮ ਬਦਲਦੀਆਂ ਲੋੜਾਂ ਦੇ ਪ੍ਰਤੀ ਲਚਕੀਲਾ ਹੈ? ਮਿਸਾਲ ਦੇ ਤੌਰ ਤੇ ਛੁੱਟੀ ਲਈ ਜਾਣਾ?

**ਉਪਕਰਨਾਂ ਦੇ ਨਾਲ ਤਕਨੀਕੀ ਅਤੇ ਸਰਵਿਸ ਸੰਬੰਧੀ ਮੁੱਦੇ:**

- ☐ ਇਹ ਟੈਕਨਾਲੋਜੀ ਕਿੰਨੀ ਭਰੋਸੇਯੋਗ ਹੈ? ਕੀ ਇਸ ਨੂੰ ਕਿਸੇ ਪ੍ਰਤਿਸ਼ਠਿਤ ਏਜੰਸੀ ਦੁਆਰਾ ਟੈਸਟ ਕੀਤਾ ਗਿਆ ਹੈ?
- ☐ ਕੀ ਇਸ ਉਪਕਰਨ ਨੂੰ ਪੁਲਿਸ ਸੇਵਾਵਾਂ ਦੁਆਰਾ ਸਮਰਥਨ/ਹਿਮਾਇਤ ਪ੍ਰਾਪਤ ਹੈ?
- ☐ ਕੀ ਇਹ ਉਪਕਰਨ ਕੰਮ ਕਰੇਗਾ ਜੇ
  - o ਇਸ ਨੂੰ ਪਾਣੀ ਵਿੱਚ ਡੁੱਬੋ ਦਿੱਤਾ ਜਾਂਦਾ ਹੈ?
  - o ਇਹ ਖਾਸ ਰੇਂਜ ਦੇ ਬਾਹਰ ਹੈ?
  - o ਇਹ ਪੂਰਵ-ਨਿਰਧਾਰਤ ਖੇਤਰ ਜਾਂ ਕਿਸੇ ਇਮਾਰਤ ਤੋਂ ਬਾਹਰ ਹੈ?
- ☐ ਕੀ ਇਸ ਉਪਕਰਨ ਦਾ ਅਲਾਰਮ ਵਜੇਗਾ ਜਦੋਂ ਵਿਅਕਤੀ
  - o ਉਪਕਰਨ ਨੂੰ ਉਤਾਰਦਾ ਹੈ?
  - o ਗਿਰ ਜਾਂਦਾ ਹੈ?
  - o ਪਾਣੀ ਦੇ ਨੇੜੇ ਹੈ?
  - o ਪਾਣੀ ਵਿੱਚ ਡੁੱਬਿਆ ਹੋਇਆ ਹੈ?
  - o ਕਿਸੇ ਖਾਸ ਰੇਂਜ ਦੇ ਬਾਹਰ ਹੈ?
  - o ਪੂਰਵ-ਨਿਰਧਾਰਤ ਖੇਤਰ ਤੋਂ ਬਾਹਰ ਹੈ ਜਾਂ ਇਮਾਰਤ ਤੋਂ ਬਾਹਰ ਚਲਾ ਜਾਂਦਾ ਹੈ?

- ☐ ਕੀ ਇਸ ਉਪਕਰਨ ਵਿੱਚ ਸ਼ਾਮਲ ਹਨ
  - o ਇੱਕ ਪੈਨਿਕ (ਦਹਿਸ਼ਤ) ਬਟਨ?
  - o ਦੁਤਰਫ਼ਾ (Two-way) ਸੰਚਾਰ?
- ☐ ਕੀ ਇਹ ਉਪਕਰਨ ਮਜ਼ਬੂਤ ਹੈ?
- ☐ ਕੀ ਇਸ ਉਪਕਰਨ ਨੂੰ ਕੰਮ ਕਰਨ ਵਾਸਤੇ ਕਿਸੇ ਹੋਰ ਸਮਾਨ ਜਿਵੇਂ ਕਿ ਕੰਮਪਿਊਟਰ,ਇੰਟਰਨੈੱਟ ਜਾਂ ਸੈਲ ਫੋਨ ਦੀ ਲੋੜ ਹੈ?
- ☐ ਕੀ ਇਹ ਉਪਕਰਨ ਅਸਾਨੀ ਨਾਲ ਵਿਅਕਤੀ ਦੁਆਰਾ ਉਤਾਰ ਕੇ ਗੁੰਮਾ ਦੇਣ ਜਾਂ ਭੁੱਲ ਜਾਣ ਵਾਲਾ ਹੈ?
- ☐ ਕੀ ਇਸ ਉਪਕਰਨ ਲਈ ਕੋਈ ਟ੍ਰਾਇਲ ਹੈ?
- ☐ ਵਾਰੰਟੀ ਮਿਆਦ ਕਿੰਨੀ ਲੰਬੀ ਹੈ?
- ☐ ਵਾਰੰਟੀ ਵਿੱਚ ਕੀ ਸ਼ਾਮਲ ਹੈ?
- ☐ ਲੋੜਾਂ ਦੇ ਬਦਲਾਵ ਜਾਂ ਨਵੀਂ ਟੈਕਨਾਲੋਜੀ ਉਪਲਬਧ ਹੋਣ ਦੀ ਸੂਰਤ ਵਿੱਚ ਅੱਪਗਰੇਡ ਕਰਨ ਦੀ ਕੀ ਕੋਈ ਵਟਾਉਣ (ਟਰੇਡ-ਇੰਨ) ਦੀ ਪਾਲਸੀ ਹੈ?
- ☐ ਕੀ ਕੋਈ "ਲੋਨਰ" ਯੂਨਿਟ (ਲੋਨ ਕੀਤੇ ਜਾ ਸਕਣ ਵਾਲਾ ਯੂਨਿਟ) ਹੈ ਜੋ ਲੋੜ ਪੈਣ ਤੇ ਜਲਦੀ ਉਪਲਬਧ ਹੋ ਸਕਦਾ ਹੈ?
- ☐ ਕੀ ਇਹ ਉਪਕਰਨ ਇਸ ਨੂੰ ਪਾਉਣ ਵਾਲੇ ਵਿਅਕਤੀ ਨੂੰ ਸਵੀਕਾਰ ਹੈ?

FINDING Your Way®
ਆਓ ਆਪਣਾ ਰਾਹ ਲਭੀਏ
ਹਰ ਕਦਮ ਕੀਮਤੀ ਹੈ,
ਡਿਮੇਨਸ਼ੀਆ ਵਾਲ਼ੇ ਲੋਕਾਂ ਲਈ।

**ਮਾਲੀ ਮੁੱਦੇ:**

- ☐ ਇਸ ਉਪਕਰਨ ਦੀ ਕੀਮਤ ਕੀ ਹੈ?
- ☐ ਕੀ ਕੋਈ ਲਗਾਤਾਰ ਚੱਲਣ ਵਾਲਾ ਫੋਨ ਨੂੰ ਚਲਦੇ ਰੱਖਣ ਵਾਲਾ ਖਰਚਾ ਹੈ ਜਿਵੇਂ ਕਿ ਮਾਸਕ ਸਰਵਿਸ ਫੀਸ ਜਾਂ ਉਪਕਰਨ ਦੀ ਮੁਰੰਮਤ ਕਰਵਾਉਣ ਦਾ ਖਰਚਾ?
- ☐ ਕੀ ਬੈਟਰੀਆਂ ਬਦਲਣ ਦਾ ਕੋਈ ਖਰਚਾ ਹੈ?
- ☐ ਕੀ ਇਸ ਉਪਕਰਨ ਦਾ ਖਰਚਾ ਕਿਸੇ ਫੰਡਿੰਗ ਸਰੋਤ ਦੁਆਰਾ ਪੂਰਾ ਕੀਤਾ ਜਾਏਗਾ? ਮਿਸਾਲ ਦੇ ਤੌਰ ਤੇ ਸਿਹਤ ਦੀ ਦੇਖਭਾਲ ਵਾਲੀ ਇੰਸ਼ੋਰੈਂਸ, ਚੈਰਿਟੀ/ਸਰਵਿਸ ਕਲੱਬ, ਸਰਕਾਰੀ ਸਮਾਜਕ ਪ੍ਰੋਗਰਾਮ?

## ਹਵਾਲੇ


1. *McMaster University, School of Rehabilitation Science (2006). The Locating Technology Project. Locating Technology for People Who are at Risk of Wandering: Tips for consumers.*
2. *Alzheimer Society of Canada, Safely Home® Program.*